ੴ ਸਤਿਗੁਰ ਪ੍ਰਸਾਦਿ ॥

# ਇਕ ਖਾਸ ਕਵਿਤਾ 'ਵੰਗਾਰ'

ਲਾਂਚ ਕਰਤਾ :

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਜੀ ਚੈਰਿਟੇਬਲ ਟਰਸਟ, ਚੰਡੀਗੜ੍ਹ


Lunched By : Jasbir Singh
9988160484, 62390-45985
0172- 2696891

Type Setting By :
Radhe Shyam Choudhary
98149-66882


ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ

Download Free

# ਇਕ ਖਾਸ ਕਾਵਿਤਾ ਵੰਗਾਰ

**ਓਹ ਨਿਆਰੇ ਸਰੂਪ ਵਾਲਿਓ, ਸਿੰਘੋਂ ਸਰਦਾਰੋ ॥**

**ਆਪਣੀ ਪਨੀਰੀ ਵਲ ਵੀ ਜ਼ਰਾ ਝਾਤੀ ਮਾਰੋ ॥**

1. ਅਜ ਕੁਰੀਤਾਂ ਨੇ ਸਾਡੇ, ਬੱਚਿਆਂ ਨੂੰ ਪਾਇਆਂ ਏ ਘੇਰਾ।
ਪਤਿੱਤ ਪੁਣੇ ਦੀ ਲਹਿਰ, ਅਸਾਡੇ ਘਰਾਂ ਵਿਚ, ਪਾ ਰਹੀ ਏ ਫੇਰਾ।
ਗੁਰਮੁਖਾਂ ਦੇ ਘਰਾਂ ਵਿਚੋਂ ਵੀ, ਸਿੱਖੀ ਸਿੱਦਕ ਨੇ ਚੁੱਕ ਲਿਆ ਡੇਰਾ।
ਸਾਡੀ ਸੰਤਾਨ ਬੇਮੁਖ ਹੋ ਰਹੀ ਹੈ, ਕਿਧਰ ਹੈ ਸਿੰਘਾ ! ਧਿਆਨ ਤੇਰਾ।

**ਓਹ ਨਿਆਰੇ ਸਰੂਪ ਵਾਲਿਓ, ਸਿੰਘੋ ਸਰਦਾਰੋ ॥**

**ਭੁਲੋ ਨਾ ਵਿਰਸਾ ਆਪਣਾ ਕੁਝ ਸੋਚੋ-ਵਿਚਾਰੋ ॥**

2. ਅਨਮਤੀਆਂ ਦੇ ਸਕੂਲਾਂ ਵਿੱਚ ਬੱਚਿਆਂ ਨੂੰ ਹਾਂ ਅਸੀਂ ਪੜ੍ਹਾਓਦੇ।
ਮੂਲ ਮੰਤਰ ਦੀ ਥਾਂ ਉਨ੍ਹਾਂ ਨੂੰ, ਇੰਗਲਿਸ਼ ਗਾਣੇ ਹਾਂ ਸਿਖਾਉਂਦੇ।।
ਐਤਵਾਰ ਵੀ ਗੁਰੂਘਰ ਦੀ ਥਾਂ, ਟੀ. ਵੀ. ਵੀਡੀਓ ਘਰੀਂ ਦਿਖਾਉਂਦੇ।
ਸਾਖੀਆਂ ਦੀ ਥਾਂ ਅਸੀਂ ਇਨ੍ਹਾਂ ਨੂੰ ਫਿਲਮੀ ਕਹਾਣੀਆਂ ਪਏ ਸੁਣਾਉਂਦੇ।

**ਓਹ ਨਿਆਰੇ ਸਰੂਪ ਵਾਲਿਓ, ਸਿੰਘੋ ਸਰਦਾਰੋ ॥**

**ਬਾਲ-ਫੁਲਵਾੜੀ ਸੁਆਰਨ ਲਈ ਹੋਰ ਹੰਭਲਾ ਮਾਰੋ ॥**

3. ਸ਼ੇਰ ਦਿਲ ਬਣਾਵਨ ਦੀ ਥਾਂ, ਬੱਚਿਆਂ ਨੂੰਅਸੀਂ ਕਾਇਰ ਬਣਾਉਂਦੇ
ਗੁਰੂਘਰੋਂ ਬਖਸ਼ੇ ਨਾਵਾਂ ਦੀ ਥਾਂ, ਫਰਜ਼ੀ ਨਿਕ ਨੇਮ ਨਾਲ ਪਏ ਬੁਲਾਉਦੇ।
ਸਾਦਾ ਜੀਵਨ ਦੇਵਣ ਦੀ ਥਾਵੇਂ, ਫਿਲਮੀ ਫੈਸਨ ਪਏ ਕਰਵਾਉਂਦੇ।
ਆਪਣੇ ਚੰਗੇ ਸੰਸਕਾਰਾਂ ਦੀ ਥਾਂ, ਡਿਸਕੋ ਡਾਂਸ ਪਏ ਨਚਵਾਉਂਦੇ।

**ਓਹ ਨਿਆਰੇ ਸਰੂਪ ਵਾਲਿਓ ਸਿੰਘੋ ਸਰਦਾਰੋ ॥**

**ਅਜੋਕੀ ਦੁਰਦਸ਼ਾ ਤੋ, ਨਿਆਰੇ ਪੰਥ ਨੂੰ ਉਭਾਰੋ॥**

4. ਨਾ ਜਾਣਨਗੇ ਗੁਰਮੁਖੀ ਜੋ ਬੱਚੇ, ਸਿੱਖ ਸਾਹਿਤ ਕਿਵੇ ਪੜ੍ਹਨਗੇ।

ਪੜ ਨ ਸਕਣਗੇ ਵਿਰਸਾ ਆਪਣਾ, ਅਨਮਤੀਆਂ ਦੇ ਢਹੇ ਚੜ੍ਹਨਗੇ।

ਜਾਣਨਗੇ ਨਾ ਜੋ ਆਪਣਾ ਕੱਲਚਰ, ਕੌਮ ਦੇ ਹੱਕਾਂ ਲਈ ਕਿਵੇ ਲੜਨਗੇ।

ਮਾਪੇ ਜੋ ਕਰਦੇ ਪਏ ਅਣਗਹਿਲੀ, ਜਾਂਦੇ ਸਮੇਂ ਨੂੰ ਕਿਵੇਂ ਫੜਨਗੇ।

**ਓਹ ਨਿਆਰੇ ਸਰੂਪ ਵਾਲਿਓ ਸਿੰਘੋ ਸਰਦਾਰੋ ॥**

**ਬੱਚਿਆਂ ਦਾ ਚਰਿਤ੍ਰ, ਹਥੀਂ ਆਪਣੇ ਉਸਾਰੋ ॥**

5. ਅੱਜ ਮਾਪਿਆਂ 'ਚ ਬੱਚਿਆ ਨੂੰ, ਪੋਇਮਾਂ ਸਿਖਾਉਣ ਦਾ ਹੈ ਫਤੂਰ ॥

ਕਿਉਂ ਨਹੀਂ ਸੋਚਦੇ, ਗੁਰਬਾਣੀ ਵੀ, ਬੱਚੇ ਕੰਠ ਕਰ ਲੈਣਗੇ ਜਰੂਰ ॥

ਵਿਦੇਸ਼ੀ ਬੋਲੀਆਂ ਤਾਂ ਸਿੱਖ ਗਏ, ਇਹ ਮਾਤ ਬੋਲੀ ਤੋਂ ਜਾ ਰਹੇ ਹਨ ਦੂਰ ॥

ਆਪਣੀ ਵਿਰਾਸਤ ਤੋਂ ਸਖਣੇ, ਪਰ, ਸਾਨੂੰ ਹੈ ਉਨ੍ਹਾਂ ਦੀ ਗਿਟ ਮਿਟ ਤੇ ਗਰੂਰ ॥

**ਓਹ ਨਿਆਰੇ ਸਰੂਪ ਵਾਲਿਓ ਸਿੰਘੋ ਸਰਦਾਰੋ ॥**

**ਸਮਾਂ ਅਜੇ ਵੀ ਹੈ, ਭੁੱਲ ਆਪਣੀ ਸੁਧਾਰੋ ॥**

6. ਅਸੀਂ ਬੱਚਿਆਂ ਦੀ ਵਿਦਿਆ ਖਾਤਰ, ਖਰਚਾ ਕਰੀਏ ਕਈ ਹਜਾਰ ॥

ਗੁਰਮਤਿ ਵਿਦਿਆ ਤੇ ਤਿਲ-ਭਰ ਵੀ, ਖਰਚਣ ਨੂੰ ਨਹੀਂ ਹਾਂ ਤਿਆਰ॥

ਚੰਗੀ ਪੁਜੀਸ਼ਨ ਲੈਣ ਦੀ ਖਾਤਰ, ਕੋਸ਼ਿਸ਼ਾਂ ਕਰਵਾਈਏ ਬੇਸ਼ੁਮਾਰ।

ਗੁਰਮਤਿ ਵਿਚ ਪਾਉਣ ਲਈ ਪਦਵੀ, ਬੱਚਿਆਂ ਨੂੰ ਨਾ ਪ੍ਰੇਰੀਏ ਇਕਵਾਰ।

**ਓਹ ਨਿਆਰੇ ਸਰੂਪ ਵਾਲਿਓ ਸਿੰਘੋ ਸਰਦਾਰੋ ॥**

**ਗੁਰਮਤਿ ਦਾ ਪ੍ਰਕਾਸ਼, ਘਰਾਂ ਵਿਚ ਖਿਲਾਰੋ ॥**

7. ਬੱਚਿਆਂ ਦੀਆਂ ਸਲਾਨਾ ਛੁਟੀਆਂ, ਦੇਈਏ ਅਸੀਂ ਵਿਅਰਥ ਗੁਜ਼ਾਰ।

ਗੁਰਮਤਿ ਕਲਾਸਾਂ ਲਈ ਜੇ ਮਿਸ਼ਨਰੀ, ਪ੍ਰੇਰਨ ਤਾਂ ਕਰੀਏ ਤਕਰਾਰ।

ਬੱਚਿਆਂ ਦੀ ਥਾਂ ਆਪ ਹੀ ਬਹਾਨੇ ਘੜ, ਲੈਂਦੇਂ ਹਾਂ ਬੇ-ਸ਼ੁਮਾਰ।

ਗੁਰਮਤਿ ਦੇ ਚਾਨਣ ਲਈ ਕਿਉਂ ਲੈਂਦੇ ਹਾਂ ਘਰਦੇ ਬੂਹੇ ਮਾਰ ॥

**ਓਹ ਨਿਆਰੇ ਸਰੂਪ ਵਾਲਿਓ ਸਿੰਘੋ ਸਰਦਾਰੋ ॥**

**ਪਤਿੱਤ ਹੋ ਰਹੇ ਬੱਚਿਆਂ ਨੂੰ ਸਿੱਖੀ ਵੱਲ ਪੁਚਕਾਰੋ ॥**

8. ਜੋ ਗੁਰਮਤਿ ਤੋਂ ਸਖਣੇ, ਉਹ ਮਾਪਿਆਂ ਦਾ ਨਾ ਕਰਨ ਸਤਿਕਾਰ ॥

ਅਨ ਮਤੀਆਂ ਦੀ ਸੰਗਤ ਕਾਰਣ, ਸਭ ਨਾਲ ਕਰਦੇ ਦੁਰਵਿਹਾਰ ॥

ਆਖਾ ਨਾ ਮੰਨਣ ਦਿਲ ਦੁਖਾਵਨ, ਨਾ ਰੱਖਣ ਸਮੇਂ ਦੀ ਸੁਧ-ਸਾਰ ।

ਅਨੁਸ਼ਾਸਨ ਦਾ ਕਰਣ ਨਾ ਪਾਲਨ, ਉਹ ਸਭ ਦੇ ਨਾਲ ਕਰਨ ਤਕਰਾਰ।

**ਓਹ ਨਿਆਰੇ ਸਰੂਪ ਵਾਲਿਓ ਸਿੰਘੋ ਸਰਦਾਰੋ ॥**

**ਬਾਲਪਨ ਤੋਂ ਬੱਚਿਆਂ ਦੀ ਸੰਗਤ ਨੂੰ ਸੁਧਾਰੋ ॥**

9. ਗੁਰੂਦੇ ਸਿੰਘਾ ਤੇਰੇ ਘਰ ਚੋਂ, ਮੋਹਰ ਗੁਰੂਦੀ ਗਈ ਹੈ ਗਵਾਚ ।

ਯੁਵਕ ਬਨ੍ਹਕੇ ਪਟਕੇ ਰੱਖਨ, ਦਸਤਾਰ ਸਜਾਉਣ ਦੀ ਨਹੀਂ ਹੈ ਜਾਚ।

ਘਰ ਅੰਦਰ ਗੁਰਬਾਣੀ ਦੀ ਥਾਂ, ਐਬ ਕਰ ਰਹੇ ਨੇ ਨੰਗਾ ਨਾਚ।

ਪਿਆਰਿਓ ਹੁਣ ਵੀ ਸੰਭਲੋਂ, ਸਿੱਖੀ ਸ਼ਾਨ ਨੂੰ ਆ ਰਹੀ ਜੇ ਆਂਚ ।

**ਓਹ ਨਿਆਰੇ ਸਰੂਪ ਵਾਲਿਓ ਸਿੰਘੋ ਸਰਦਾਰੋ ।**

**ਸਿੱਖੀ ਨੂੰ ਦਾਗ ਨਾ ਲਾਓ ਸਿੱਖੀ ਦੇ ਪਹਿਰੇਦਾਰੋ ।**

10. ਵਰਤ ਰਹੀਆਂ ਹਨ ਸਿੱਖ ਬੀਬੀਆਂ, ਅੱਜਕਲ ਡ੍ਰਗ ਜੇਹੀ ਜ਼ਹਿਰ।

ਬਿਊਟੀ ਪਾਰਲਰਾਂ 'ਚ ਕਰਾਉਣ ਬੇ ਅਦਬੀ, ਕਰਣ ਕੇਸਾਂ ਉਤੇ ਕਹਿਰ।

ਚੰਦਰੀ ਫੈਸ਼ਨ ਪ੍ਰਸਤੀ ਕਾਰਣ, ਅੱਧ ਨੰਗੇਜ਼ ਦੀ ਚੱਲ ਪਈ ਲਹਿਰ।

ਗੁਰਮਤਿ ਦੀ ਥਾਂ ਉਨ੍ਹਾਂ ਦੇ ਮਨ ਵਿਚ, ਹੁਣ ਆਧੁਨਿਕਤਾ ਗਈ ਏ ਠਹਿਰ।

**ਓਹ ਨਿਆਰੇ ਸਰੂਪ ਵਾਲਿਓ ਸਿੰਘੋਂ ਸਰਦਾਰੋ ।**

**ਗੁਰਮਤਿ ਵਿੱਦਿਆ ਨਾਲ ਆਪਣੇ ਬੱਚੇ ਸ਼ਿੰਗਾਰੋ ।**

11. ਸਾਡੀ ਨਵੀਂ ਪੀੜ੍ਹੀ ਸਿੱਖੀ ਨੂੰ, ਕਰ ਕੁਰੀਤਿਆਂ ਕਰੇ ਬਦਨਾਮ।

ਖਾਣ ਤੰਬਾਕੂ ਪੀਣ ਸਰਾਬਾਂ, ਕਰਦੇ ਪਏ ਐਸ਼ੋ-ਆਰਾਮ।

ਦਾੜ੍ਹੀ ਕੱਟ ਕੇ ਕਰਨ ਬੇ ਅਦਬੀ, ਕੇਸਾਂ ਦਾ ਨ ਜਾਲਣ ਦਾਮ।

ਇਸੇ ਤਰ੍ਹਾਂ ਹੁਣ ਸਿੱਖ ਘਰਾਂ ਵਿਚ, ਪੈ ਰਹੀ ਸਿੱਖੀ ਦੀ ਸ਼ਾਮ।

**ਓਹ ਨਿਆਰੇ ਸਰੂਪ ਵਾਲਿਓ ਸਿੰਘੋ ਸਰਦਾਰੋ ।**

**ਸ਼ਹੀਦਾ ਦੇ ਕਾਰਨਾਮੇ, ਨਾ ਮਨਾਂ ਤੋਂ ਵਿਸਾਰੋ ।**

12. ਇਕ ਅਕਾਲ ਦਾ ਛੱਡ ਆਸਰਾ, ਦੇਵਤਿਆਂ ਨੂੰ ਪਏ ਧਿਆਉਂਦੇ।

ਨਕਲੀ ਗੁਰੂਆਂ ਦੇ ਡੇਰੇ ਜਾ ਕੇ, ਸਿੱਖੀ ਨੂੰ ਪਏ ਢਾਹ ਲਗਾਉਂਦੇ।

ਦਰ ਬਾਬੇ ਦਾ ਛੱਡ ਕੇ ਵੇਖੋ, ਮੱਠ ਮੜੀਆਂ ਤੇ ਸੀਸ ਝੁਕਾਉਂਦੇ।

ਗੁਰਬਾਣੀ ਦਾ ਪਿਆਰ ਭੁਲਾ ਕੇ, ਪੱਛਮੀ ਸੰਗੀਤ ਨਾਲ ਮਨ ਪਰਚਾਉਂਦੇ।

**ਓਹ ਨਿਆਰੇ ਸਰੂਪ ਵਾਲਿਓ ਸਿੰਘੋ ਸਰਦਾਰੋ ॥**

**ਗੁਰਮਤਿ ਸਿਧਾਂਤ ਆਪਣੇ ਘਰਾਂ ਵਿਚ ਪਰਚਾਰੋ ॥**

13. ਗੁਰਮਤਿ ਵਿਦਿਆ ਲਈ ਤੁਹਾਡਾ, 'ਮਿਸ਼ਨਰੀ ਕਾਲਜ ਹੈ ਸੱਚਾ ਮਿੱਤਰ।

ਜਿਸ ਦਾ ਸਾਹਿਤ ਸਭ ਬਚਿੱਆਂ ਦਾ, ਕਰਦਾ ਹੈ ਨਿਰਮਾਣ ਚਰਿੱਤਰ।

ਪੜ ਕੇ ਗਿਆਨ 'ਚ ਹੋ ਜਾਏ ਵਾਧਾ, ਜੀਵਨ ਵੀ ਹੋ ਜਾਏ ਪਵਿੱਤਰ।

ਗੁਰੂਡਮੀਆਂ, ਅਨਮਤੀਆਂ ਮੁੱਕਾਬਲੇ, ਬੱਚੇ ਰਣ 'ਚ ਆਉਣਗੇ ਨਿੱਤਰ।

**ਓਹ ਨਿਆਰੇ ਸਰੂਪ ਵਾਲਿਓ ਸਿੰਘੋ ਸਰਦਾਰੋ ॥**

**ਗੁਰਮਤਿ ਵਿਦਿਆ ਨਾਲ ਬੱਚਿਆਂ ਦਾ ਜੀਵਨ ਸ਼ਿਗਾਰੋ ॥**

14. ਦੇਖੋ, ਇਸਾਈ, ਪ੍ਰਚਾਰਕਾਂ ਦਾ, ਪ੍ਰਚਾਰ ਕਰਨ ਦਾ ਜੋ ਢੰਗ ਅਤੇ ਕਾਜ

ਮੁਫਤ ਕਿਤਾਬਾਂ ਵੰਡ ਕੇ, ਕਰ ਦੇ ਉਹ ਆਪਣੇ ਧਰਮ ਤੇ ਨਾਜ਼ ।

ਗੁਰਮਤਿ ਦੀਆਂ ਪੁਸਤਕਾਂ ਨਾ ਵੰਡੀਏ, ਸਾਨੂੰ ਕਿਉ ਨਾ ਆਵੇ ਲਾਜ।

ਅਸੀਂ ਬਣਾ ਲਿਆ ਦਸਵੰਧ ਨੂੰ ਵੀ ਲੋਕ ਦਿਖਾਵੇ ਲਈ ਇੱਕ ਪਾਜ ।

**ਓਹ ਨਿਆਰੇ ਸਰੂਪ ਵਾਲਿਓ ਸਿੰਘੋ ਸਰਦਾਰੋ ॥**

**ਸਾਹਿਤ ਉੱਤੇ ਦਸਵੰਧ ਖਰਚੋ, ਗੁਰੂਪੰਥ ਦੇ ਪਹਿਰੇਦਾਰੋ ॥**

15. ਸਿੰਘਾਂ ! ਆਪਣਾ ਦਸਵੰਧ ਹੋਰ ਕਿਤੇ, ਤੈਨੂੰ ਦੇਣ ਦੀ ਹੈ ਨਹੀਂ ਲੋੜ।

ਸੋਨੇ ਦੇ ਛਬੇ ਤੇ ਕਲਸ਼ ਖਰੀਦਨ ਉੱਪਰ ਧਨ ਕਦੇ ਨਾ ਰੋੜ੍ਹ।

ਗੁਰਮਤਿ ਲਾਈਬ੍ਰੇਰੀਆਂ ਲਈ ਵੀ, ਇਸ ਦਸਵੰਧ ਦੀ ਹੈ ਹੁਣ ਲੋੜ।

ਬੱਚਿਆਂ ਨੂੰ ਗੁਰਮਤਿ ਵਿਦਿਆਂ, ਦੇਣ ਵਲ ਵੀ ਮੂੰਹ ਮੋੜ ।

**ਓਹ ਨਿਆਰੇ ਸਰੂਪ ਵਾਲਿਓ ਸਿੰਘੋ ਸਰਦਾਰੋ ।**

**ਕੁਝ ਕਰੋ ਉੱਦਮ ਮਿਸ਼ਨਰੀ ਕਾਲਜ ਦੇ ਮਦਦ ਗਾਰੋ ।**

16. ਸਭ ਤੋਂ ਵੱਡਾ ਦਾਨ ਹੈ ਕਿਹੜਾ, ਅਸਾਂ ਭੇਦ ਕਦੇ ਨਾ ਪਾਇਆ ।

ਜਦ ਕਿ "ਅਕਲੀਂ ਕੀਚੈਦਾਨ" ਗੁਰਦੇਵ ਨੇ ਹੈ ਆਖ ਸੁਣਾਇਆ ।

ਵੱਡਾ ਦਾਨ ਹੈ ਗੁਰਮਤਿ ਵਿਦਿਆਂ, ਗੁਰੁਦੇਵ ਸੀ ਆਪ ਫੁਰਮਾਇਆ ।

ਚੰਗੀਆ ਕਿਤਾਬਾਂ ਅਤੇ ਰਸਾਲੇ, ਕੌਮਾਂ ਦੇ ਹੁੰਦੇ ਨੇ ਸਰਮਾਇਆ ।

**ਓਹ ਨਿਆਰੇ ਗਰੂਪ ਵਾਲਿਓ ਸਿਘੋ ਸਰਦਾਰੋ ।**

**ਚੌਧਰ ਦੇ ਚੱਕਰ ਵਿਚ, ਸੱਟ ਸਿੱਖੀ ਨੂੰ ਨਾ ਮਾਰੋ ।**

17. ਅਸੀਂ ਬਣ ਗਏ ਹਾਂ ਮਾਇਆ ਧਾਰੀ, ਕੁਸੰਗਤ ਕਰ ਪੀਈਏ ਸ਼ਰਾਬ ।

ਜੱਗ ਦਿਖਾਵੇ, ਝੂਠੀ ਸ਼ੋਹਰਤ ਲਈ, ਖਰਚ ਕਰੀਏ ਧਨ ਬੇਹਿਸਾਬ ।

ਸਮਾਂ ਕਲਬਾਂ' ਚ ਬਰਬਾਦ ਕਰੀਏ, ਨਾ ਪੜੀਏ ਗੁਰਮਤਿ ਦੀ ਕੋਈ ਕਿਤਾਬ ।

ਪੈਸੇ ਹੈ ਨਹੀਂ, ਸਮਾਂ ਹੈ ਨਹੀਂ, ਏਦਾਂ, ਮਿਸ਼ਨਰੀਆਂ ਨੂੰ ਹਾਂ ਦਈਏ ਜੁਆਬ ।

**ਓਹ ਨਿਆਰੇ ਸਰੂਪ ਵਾਲਿਓ ਸਿੰਘੋ ਸਰਦਾਰੋ ।**

**ਸੁੱਤੀ ਜ਼ਮੀਰ ਜਗਾ ਕੇ ਭਾਗ ਕੋਮ ਦਾਂ ਸਵਾਰੋ ।**

18. ਸਿੰਘਾ ! ਤੇਰੀ ਅਜਾਦੀ ਵੇਲੇ, ਅੱਸੀ ਲੱਖ ਸੀ ਗਿਣਤੀ ਸਾਰੀ ।

ਤੂੰ ਦੁੱਗਣਾ ਵੀ ਨਾ ਹੋ ਸਕਿਆ, ਤੇਰੇ ਤੇ ਕੀ ਆ ਪਈ ਬਿਪਤਾ ਭਾਰੀ ।

ਕੀ ਤੈਨੂੰ ਪਤਿਤ ਪੁਣੇ ਨੇ ਖਾਲਿਆ, ਜਾਂ ਸੰਤਾਨ ਸੰਯਮ ਨੇ ਮੱਤ ਮਾਰੀ।

ਬਹੁਮਤ ਵਾਲਿਆਂ ਜਾਣ ਘਟ ਗਿਣਤੀ, ਤੈਨੂੰ ਸਦਾ ਸੱਟ ਲਾਈ ਕਰਾਰੀ ।

**ਓਹ ਨਿਆਰੇ ਸਰੂਪ ਵਾਲਿਓ ਸਿੰਘੋ ਸਰਦਾਰੋ।**

**ਰਾਜਨੀਤੀ ਦੀ ਇਸ ਮਾਰੂਵਿਧੀ, ਨੂੰ ਵਿਚਾਰੋ।**

19. ਜਦ ਉਨ੍ਹੀ ਸੌ ਸੰਤਾਲੀ ਨੂੰ ਸੀ, ਭਾਰਤ ਦੇਸ਼ ਨੂੰ ਮਿਲੀ ਅਜ਼ਾਦੀ।

ਵੱਧ ਕੁਰਬਾਨੀ ਦਿੱਤੀ ਤੂੰ ਸੀ, ਭਾਵੇਂ ਤੇਰੀ ਘੱਟ ਸੀ ਅਬਾਦੀ।

ਅੰਗਰੇਜ਼ ਪਾਸੋਂ ਕੁਝ ਲੈ ਨਾ ਸਕਿਆ, ਛਲ ਕਪਟ ਦਾ ਨਹੀਂ ਤੂੰ ਆਦੀ।

ਲੋਂਕ ਮਾਣਨ ਅਜ਼ਾਦੀ ਦੀਆਂ ਮੌਜ਼ਾਂ, ਤੇਰੇ ਹਿਸੇ ਆਈ ਬਰਬਾਦੀ।

**ਓਹ ਨਿਆਰੇ ਸਰੂਪ ਵਾਲਿਓ ਸਿੰਘੋ ਸਰਦਾਰੋ।**

**ਧੌਣ ਤੋਂ ਪਤਿਤ ਪੁਣੇ ਦਾ ਜੁੱਲਾ ਲਾਹ ਉਤਾਰੋ।**

20. ਸਿੱਖ ਲਈ ਤਾਂ ਅੰਮ੍ਰਿਤ ਛਕਣਾ, ਇਕੋਂ ਇਕ ਹੀ ਹੈ ਪੈਮਾਨਾ।

ਹੁਣ ਤੂੰ ਐਬ ਕੁਰੀਤਿਆਂ ਛੱਡ ਦੇ, ਐਵੇਂ ਕਰ ਨਾ ਕੋਈ ਬਹਾਨਾ।

ਸੁਵਾਸਾਂ ਦਾ ਤਾਂ ਕੋਈ ਪੱਤਾ ਨਹੀਂ, ਮਾਇਆ ਵਿਚ ਨਾ ਹੋ ਮਸਤਾਨਾ।

ਹਰ ਇਕ ਹੋਵੇ ਅੰਮ੍ਰਿਤਧਾਰੀ, ਮਿਸ਼ਨਰੀ ਕਾਲਜ ਦਾ ਇਹੋ ਨਿਸ਼ਾਨਾ।

**ਓਹ ਨਿਆਰੇ ਸਰੂਪ ਵਾਲਿਓ ਸਿੰਘੋ ਸਰਦਾਰੋ।**

**ਰਹਿਤਵਾਨ ਬਣਕੇ ਵਿਖਾਓ, ਸਿੱਖੀ ਦੇ ਪੈਰੋਕਾਰੋ।**

21. ਸਿੰਘ ਨਹੀਂ ਤੂੰ ਸੱਜਿਆ ਹਾਲੇ, ਬੇਸ਼ਕ ਹੈ ਤੂੰ ਕੇਸਾਧਾਰੀ।

ਨਾ ਬਣਿਆਂ ਤੂੰ ਗੁਰੂਵਾਲਾ, ਨਾ ਬਣਿਆ ਤੂੰ ਪੰਜ ਕੱਕਾਰੀ।

ਐਵੇਂ ਸਮਾਂ ਗਵਾਈ ਨਾ ਜਾ, ਕੰਮ ਨਹੀਂ ਆਉਣੀ ਦੁਨੀਆਦਾਰੀ।

ਅਨਮਤੀਆਂ ਦੀ ਨਕਲ ਛੱਡਦੇ, ਜੇਕਰ ਕਾਇਮ ਰੱਖਣੀ ਸਰਦਾਰੀ।

**ਓਹ ਨਿਆਰੇ ਸਰੂਪ ਵਾਲਿਓ ਸਿੰਘੋ ਸਰਦਾਰੋ।**

**ਇਸ ਵੈਸਾਖੀ ਤੇ ਅੰਮ੍ਰਿਤ ਪਾਨ ਲਈ ਪਧਾਰੋ।**

**ਪ੍ਰਚਾਰਕ-** ਬੇਟਾ ਜੀ, ਦਾੜ੍ਹੀ ਕੁਦਰਤ ਦੁਆਰਾ ਦਿੱਤਾ ਗਿਆ ਮਨੁੱਖਤਾ ਨੂੰ ਉਪਹਾਰ ਹੈ ਇਹ ਸਿਰਫ ਪੁਰਸ਼ਾ ਨੂੰ ਬਖਸ਼ਿਸ ਕੀਤੀ ਗਈ ਹੈ। ਨਾਰਿਆਂ ਨੂੰ ਨਹੀਂ ਭਾਵ ਇਹ **(god gift) ਅਤੇ (Natural Beauty ) ਅੱਲਾਹੀਨੂਰ** ਹੈ । ਇਸ ਵਿੱਚ ਪੁਰਖਾਂ ਦੇ ਚੇਹਰੇ ਤੇ ਅੱਲਾਹੀਨੂਰ ਦਿਖਦਾ ਹੈ। ਇਸਨੂੰ ਜਿਉਂ ਦਾ ਤਿਉਂ **(As it is)** ਹੀ ਰਖਣਾ ਚਾਹੀਦਾ ਹੈ। ਸਾਨੂੰ ਆਪਣੇ ਸਵਰੂਪ ਵਿਚ **Modification** ਕਰਣ ਦਾ ਕੋਈ ਹੱਕ ਨਹੀਂ। ਹਾਂ.... ਅਸੀਂ ਮਨੁੱਖੀ ਸਮਾਜ ਦੇ ਪ੍ਰਾਣੀ ਹਾਂ ਇਸ ਲਈ **Maintenance** ਕਰਣਾ ਸਾਡਾ ਫਰਜ਼ ਹੈ। **Maintenance** ਵਿੱਚ ਅਸੀਂ ਦਾੜ੍ਹੀ ਨੂੰ ਜ਼ਰੂਰਤ ਅਨੁਸਾਰ ਕਈ ਵਿਧਿਆਂ ਨਾਲ ਬਨ (ਸੰਤੋਖ) ਸਕਦੇ ਹਾਂ। ਪਰ ਮੈਨੂੰ ਦੁੱਖ ਹੈ ਕੁਝ ਭਟਕੇ ਹੋਏ ਸਿੱਖ ਯੁਵਕ ਅਪਣੀ ਦਾੜ੍ਹੀ ਦਾ ਬਹੁਤ ਬੁਰੀ ਤਰ੍ਹਾਂ ਅਪਮਾਨ ਕਰਦੇ ਹਨ। ਇੱਥੋਂ ਤੱਕ ਦੇਖਿਆ ਗਿਆ ਹੈ ਕੁਝ ਯੁਵਕਾਂ ਦੇ ਚੇਹਰੇ ਤੇ ਉਨ੍ਹਾਂ ਦੀ ਦਾੜ੍ਹੀ ਇਸ ਤਰ੍ਹਾਂ ਦਿਖਦੀ ਹੈ ਜਿਵੇਂ ਕਿਸੀ ਮੀਠੀ ਚੀਜ਼ ਤੇ ਕੀੜੀਆਂ ਚਿਮੜੀਆਂ ਹੋਈਆਂ ਹੋਣ। ਇਥੇ ਹੀ ਬਸ ਨਹੀਂ ਕੁਝ ਯੁਵਕਾਂ ਦੀ ਦਾੜ੍ਹੀਆਂ ਦੇ ਅਲਗ-ਅਲਗ ਨਮੂਨੇ ਹੁੰਦੇ ਹਨ ਜੋਕਿ ਮੈਂ ਇਥੇ ਕਵਿਤਾ ਰੂਪ ਵਿੱਚ ਲਿਖਣ ਦੀ ਗੁਸਤਾਖੀ ਕਰ ਰਿਹਾ ਹਾਂ।

**ਗੁਰਸਿੱਖਾਂ ਦੀ ਸੱਚੀ-ਸੁੱਚੀ ਪ੍ਰਕਾਸ਼ਮਾਨ ਹੈ ਦਾੜ੍ਹੀ॥**

**ਸਿਦਕੀ ਜਵਾਨਾਂ ਨੇ ਵੀ ਜੈਲ-ਫਿਕਸੋ ਆਦਿ ਨਾਲ ਸਵਾਰੀ॥**

**ਮਨਮੁੱਖਾਂ ਦੀ ਦਾੜ੍ਹੀ ਐਦਾ ਜਾਪੇ ਜਿਵੇਂ ਝੁਲਸੀ ਹੋਈ ਝਾੜੀ॥**

**ਬੇਮੁਖਾਂ ਨੇ ਦਾੜ੍ਹੀ ਤੀਖੇ ਸੂਲਾ ਵਾਂਗ ਹੈ ਵਿਗਾੜੀ॥**

**ਮੂਰਖਾਂ ਦੀ ਦਾੜ੍ਹੀ ਐਦਾ ਦਿਖੇ ਜਿਵੇਂ ਮਿੱਠੇ ਉਪਰ ਚੀਟਿਆਂ।**

**ਲੋਕ ਹਸਣ ਅਤੇ ਮੌਜੂਉਡਾਉਣ, ਵਿਅੰਗ ਵਿਚ ਮਾਰਨ ਸੀਟਿਆਂ॥**

**ਉਨਾਂ ਨੂੰ ਫਿਰ ਵੀ ਸ਼ਰਮ ਨ ਆਵੇ, ਲੋਕ ਲਾਜ ਤੋਂ ਅੱਖਾਂ ਮੀਟਿਆਂ॥**

• • • • •